# ਸਜ਼ਾਰਹਿਤ ਕੈਦੀ ਦਾ ਹਸਪਤਾਲ ਵਿੱਚ ਤਬਾਦਲਾ (ਪਾਬੰਦੀਆਂ ਦੇ ਨਾਲ ਜਾਂ ਪਾਬੰਦੀਆਂ ਦੇ ਬਿਨਾਂ)

(ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) 1983 ਦਾ ਸੈਕਸ਼ਨ 48)

| | |
|---|---|
| 1. ਮਰੀਜ਼ ਦਾ ਨਾਂਅ | |
| 2. ਤੁਹਾਡੀ ਦੇਖਭਾਲ ਲਈ ਜ਼ਿੰਮੇਵਾਰ ਵਿਅਕਤੀ ਦਾ ਨਾਂਅ (ਤੁਹਾਡਾ "ਜ਼ਿੰਮੇਵਾਰ ਕਲਿੱਨੀਸ਼ੀਅਨ") | |
| 3. ਹਸਪਤਾਲ ਅਤੇ ਵਾਰਡ ਦਾ ਨਾਂਅ | |
| 4. ਤੁਹਾਡੇ ਤਬਾਦਲੇ ਦੀ ਤਾਰੀਖ਼ | |
| 5. ਪਾਬੰਦੀ ਹਿਦਾਇਤਾਂ ਜਾਰੀ ਹਨ? | ਹਾਂ/ਨਹੀਂ |

## ਮੈਂ ਹਸਪਤਾਲ ਵਿੱਚ ਕਿਉਂ ਹਾਂ?

ਤੁਹਾਨੂੰ ਇਸ ਹਸਪਤਾਲ ਵਿੱਚ ਲਿਆਂਦਾ ਗਿਆ ਹੈ, ਕਿਉਂਕਿ ਨਿਆਂ ਮੰਤਰੀ (ਸੈਕ੍ਰੇਟਰੀ ਆਫ਼ ਸਟੇਟ ਫ਼ਾਰ ਜਸਟਿਸ) ਨੂੰ ਦੋ ਡਾਕਟਰਾਂ ਨੇ ਸਲਾਹ ਦਿੱਤੀ ਹੈ ਕਿ ਤੁਹਾਨੂੰ ਇੱਕ ਮਾਨਸਿਕ ਵਿਗਾੜ ਹੈ ਅਤੇ ਤੁਹਾਨੂੰ ਮੈਡੀਕਲ ਇਲਾਜ ਲਈ ਹਸਪਤਾਲ ਵਿੱਚ ਰੱਖਣ ਦੀ ਜ਼ਰੂਰਤ ਹੈ।

ਨਿਆਂ ਬਾਰੇ ਮੰਤਰੀ ਨੇ ਮੈਂਟਲ ਹੈਲਥ ਐਕਟ 1983 ਦੇ ਸੈਕਸ਼ਨ 48, ਜੋ ਇੱਕ ਸਜ਼ਾਰਹਿਤ ਕੈਦੀ ਨੂੰ ਹਸਪਤਾਲ ਵਿੱਚ ਤਬਦੀਲ ਕਰਨ ਦੀ ਆਗਿਆ ਦੇਂਦਾ ਹੈ, ਤਹਿਤ ਇੱਕ 'ਤਬਦੀਲੀ ਦਾ ਨਿਰਦੇਸ਼ਨ' ਜਾਰੀ ਕੀਤਾ ਹੈ।

ਨਿਆਂ ਮੰਤਰੀ ਨੇ ਸ਼ਾਇਦ ਮਾਨਸਿਕ ਸਿਹਤ ਬਾਰੇ ਕਾਨੂੰਨ ਦੇ ਸੈਕਸ਼ਨ 49 ਤਹਿਤ ਇੱਕ ਪਾਬੰਦੀ ਬਾਰੇ ਹਿਦਾਇਤ ਵੀ ਦਿੱਤੀ ਹੋਵੇਗੀ।

## ਪਾਬੰਦੀ ਬਾਰੇ ਹਿਦਾਇਤ (ਰੀਸਟਰਿਕਸ਼ਨ ਡਾਇਰੈਕਸ਼ਨ) ਕੀ ਹੈ?

ਜੇ ਤੁਹਾਨੂੰ ਪਾਬੰਦੀ ਬਾਰੇ ਹਿਦਾਇਤ ਦਿੱਤੀ ਗਈ ਹੈ ਤਾਂ ਇਸਦਾ ਮਤਲਬ ਹੈ ਕਿ ਤੁਹਾਨੂੰ ਉਦੋਂ ਤਕ ਹਸਪਤਾਲ ਵਿੱਚੋਂ ਛੁੱਟੀ ਨਹੀਂ ਦਿੱਤੀ ਜਾ ਸਕਦੀ ਜਦ ਤਕ ਨਿਆਂ ਮੰਤਰੀ ਇਹ ਨਹੀਂ ਕਹਿੰਦਾ ਕਿ ਤੁਸੀਂ ਜਾ ਸਕਦੇ ਹੋ। ਇਸ ਕੇਸ ਵਿੱਚ ਤੁਹਾਨੂੰ ਹਸਪਤਾਲ ਤੋਂ ਕੁਝ ਵਿਸ਼ੇਸ਼ ਸ਼ਰਤਾਂ ਤਹਿਤ ਛੁੱਟੀ ਦਿੱਤੀ ਜਾਏਗੀ, ਜੋ ਤੁਹਾਨੂੰ ਸਮਾਂ ਆਉਣ ਤੇ ਸਮਝਾ ਦਿੱਤੀਆਂ ਜਾਣਗੀਆਂ।

ਤੁਹਾਡੇ ਇਸ ਹਸਤਾਲ ਵਿੱਚ ਰਹਿੰਦੇ ਹੋਏ, ਇਸਤੋਂ ਪਹਿਲਾਂ ਕਿ ਤੁਸੀਂ ਆਰਜ਼ੀ ਛੁੱਟੀ ਤੇ ਜਾ ਸਕੋ ਜਾਂ ਤੁਹਾਨੂੰ ਕਿਸੇ ਹੋਰ ਹਸਪਤਾਲ ਵਿੱਚ ਭੇਜਿਆ ਜਾ ਸਕੇ, ਤੁਹਾਡੀ ਦੇਖਭਾਲ ਲਈ ਜ਼ਿੰਮੇਵਾਰ ਵਿਅਕਤੀ (ਤੁਹਾਡੇ ਕਲਿਨੀਸ਼ੀਅਨ) ਨੂੰ ਨਿਆਂ ਮੰਤਰੀ ਕੋਲ ਇਸ ਲਈ ਪਹਿਲਾਂ ਸਹਿਮਤੀ ਲੈਣੀ ਪਏਗੀ।

## ਮੈਨੂੰ ਇੱਥੇ ਕਿੰਨੀ ਦੇਰ ਰਹਿਣਾ ਪਏਗਾ ?

ਤੁਹਾਨੂੰ ਉਨੀ ਦੇਰ ਹਸਪਤਾਲ ਵਿੱਚ ਰਹਿਣਾ ਪਏਗਾ, ਜਦ ਤਕ ਤੁਹਾਡਾ ਤਬਦੀਲੀ ਦਾ ਨਿਰਦੇਸ਼ਨ ਖ਼ਤਮ ਨਹੀਂ ਹੁੰਦਾ।

ਜੇ ਤੁਹਾਨੂੰ **ਇੱਕ ਮੈਜਿਸਟਰੇਟ ਦੀ ਅਦਾਲਤ ਵਲੋਂ ਹਿਰਾਸਤ ਵਿੱਚ ਰਖੇ ਜਾਣ ਬਾਅਦ** ਇੱਥੇ ਤਬਦੀਲ ਕੀਤਾ ਗਿਆ ਹੈ :

> ਤੁਹਾਨੂੰ ਉਦੋਂ ਤੀਕ ਹਸਪਤਾਲ ਵਿੱਚ ਰੱਖਿਆ ਜਾਏਗਾ, ਜਦ ਤਕ ਤੁਹਾਡੀ ਹਿਰਾਸਤ ਦੀ ਮਿਆਦ ਖ਼ਤਮ ਨਹੀਂ ਹੁੰਦੀ, ਜਦੋਂ ਤਕ ਤੁਹਾਨੂੰ ਮੁਕੱਦਮੇ ਲਈ ਕਰਾਉਨ ਕੋਰਟ ਨਹੀਂ ਭੇਜਿਆ ਜਾਂਦਾ *ਜਾਂ* ਤੁਹਾਨੂੰ ਮੁੜ ਕੇ ਮੈਜਿਸਟਰੇਟ ਦੀ ਅਦਾਲਤ ਵਿੱਚ ਹਿਰਾਸਤ ਤੇ ਲਿਆ ਜਾਂਦਾ ਹੈ (ਜਿਸ ਸਥਿਤੀ ਵਿੱਚ ਤੁਸੀਂ ਹਸਪਤਾਲ ਵਿੱਚ ਰਹੋਗੇ)। ਜੇ ਤੁਹਾਡਾ ਜ਼ਿੰਮੇਵਾਰ ਕਲਿਨੀਸ਼ੀਅਨ ਕਹਿੰਦਾ ਹੈ ਕਿ ਤੁਹਾਨੂੰ ਹੁਣ ਆਪਣੇ ਮਾਨਸਿਕ ਵਿਗਾੜ ਦੇ ਇਲਾਜ ਲਈ ਹਸਪਤਾਲ ਵਿੱਚ ਰਹਿਣ ਦੀ ਕੋਈ ਜ਼ਰੂਰਤ ਨਹੀਂ ਤਾਂ ਮੈਜਿਸਟਰੇਟ ਦੀ ਕੋਰਟ ਵੀ ਤੁਹਾਡੀ ਤਬਦੀਲੀ ਦਾ ਨਿਰਦੇਸ਼ਨ ਦੇ ਖ਼ਤਮ ਕਰਨ ਦੇ ਆਦੇਸ਼ ਵੀ ਦੇ ਸਕਦੀ ਹੈ। ਫਿਰ ਜੇ ਅਦਾਲਤ ਤੁਹਾਨੂੰ ਜ਼ਮਾਨਤ ਤੇ ਰਿਹਾ ਕਰਨ ਦਾ ਫ਼ੈਸਲਾ ਨਹੀਂ ਕਰਦੀ ਤਾਂ ਤੁਸੀਂ ਵਾਪਸ ਜੇਲ੍ਹ ਚਲੇ ਜਾਉਗੇ।

ਜੇ ਤੁਸੀਂ ਇੱਥੇ **ਇੱਕ ਸਿਵਿਲ ਕੈਦੀ ਵਜੋਂ ਜਾਂ ਇਮੀਗਰੇਸ਼ਨ ਕਾਨੂੰਨਾਂ** ਤਹਿਤ ਤਬਦੀਲ ਕੀਤੇ ਗਏ ਹੋ ਤਾਂ :

> ਤੁਹਾਨੂੰ ਉਦੋਂ ਤਕ ਹਸਪਤਾਲ ਵਿੱਚ ਉਸ ਤਾਰੀਖ਼ ਤਕ ਰੱਖਿਆ ਜਾਏਗਾ, ਜਿਸ ਤਾਰੀਖ ਤੇ ਤੁਸੀਂ ਜੇਲ੍ਹ ਤੋਂ ਰਿਹਾ ਹੋਣਾ ਸੀ ਜਾਂ ਤੁਹਾਨੂੰ ਡਿਟੈਨਸ਼ਨ ਸੈਂਟਰ ਤੋਂ ਹਟਾਇਆ ਜਾਣਾ ਸੀ, ਜਦੋਂ ਤਕ ਤੁਹਾਡਾ ਜ਼ਿੰਮੇਵਾਰ ਕਲਿਨੀਸ਼ੀਅਨ ਇਹ ਨਹੀਂ ਕਹਿੰਦਾ, ਕਿ ਤੁਹਾਨੂੰ ਹੁਣ ਇਲਾਜ ਦੀ ਕੋਈ ਲੋੜ ਨਹੀਂ। ਜੇ ਤੁਹਾਨੂੰ ਇੱਕ ਪਾਬੰਦੀ ਹਿਦਾਇਤ ਦਿੱਤੀ ਗਈ ਹੈ, ਅਤੇ ਜੇ ਤੁਹਾਡਾ ਜ਼ਿੰਮੇਵਾਰ ਕਲਿਨੀਸ਼ੀਅਨ ਕਹਿੰਦਾ ਹੈ ਕਿ ਤੁਹਾਨੂੰ ਹੁਣ ਇਲਾਜ ਦੀ ਜ਼ਰੂਰਤ ਨਹੀਂ, ਤਾਂ ਤੁਹਾਨੂੰ ਜੇਲ੍ਹ ਜਾਂ ਡਿਟੈਨਸ਼ਨ ਸੈਂਟਰ ਵਿੱਚ ਵਾਪਸ ਭੇਜ ਦਿੱਤਾ ਜਾਏਗਾ।

**ਹੋਰ ਕੇਸਾਂ ਵਿੱਚ** :

> ਤੁਹਾਨੂੰ ਉਦੋਂ ਤੀਕ ਹਸਪਤਾਲ ਵਿੱਚ ਰਖਿਆ ਜਾਏਗਾ ਜਦ ਤਕ ਤੁਹਾਡਾ ਕਲਿਨੀਸ਼ੀਅਨ ਇਹ ਨਾ ਕਹੇ ਕਿ ਤੁਹਾਨੂੰ ਹੁਣ ਇਲਾਜ ਦੀ ਕੋਈ ਜ਼ਰੂਰਤ ਨਹੀਂ ਜਾਂ ਜਦ ਤਕ ਤੁਹਾਡੇ ਕੇਸ ਦਾ ਅਦਾਲਤ ਫ਼ੈਸਲਾ ਨਹੀਂ ਕਰ ਲੈਂਦੀ। ਜੇ ਤੁਹਾਡਾ ਜ਼ਿੰਮੇਵਾਰ ਕਲਿਨੀਸ਼ੀਅਨ ਇਹ ਕਹਿੰਦਾ ਹੈ ਕਿ ਤੁਹਾਨੂੰ ਹੁਣ ਇਲਾਜ ਦੀ ਕੋਈ ਜ਼ੂਰਰਤ ਨਹੀਂ, ਤੁਹਾਨੂੰ ਉਦੋਂ ਤਕ ਜੇਲ੍ਹ ਵਿੱਚ ਵਾਪਸ ਭੇਜਿਆ ਜਾਏਗਾ ਜਦ ਤਕ ਅਦਾਲਤ ਤੁਹਾਨੂੰ ਜ਼ਮਾਨਤ ਤੇ ਰਿਹਾ ਕਰਨ ਦਾ ਫ਼ੈਸਲਾ ਨਹੀਂ ਕਰਦੀ।

## ਕੀ ਤਬਦੀਲੀ ਦੇ ਨਿਰਦੇਸ਼ਨ ਦੇ ਖ਼ਤਮ ਹੋਣ ਬਾਅਦ ਮੈਨੂੰ ਹਸਪਤਾਲ ਵਿੱਚ ਰਖਿਆ ਜਾ ਸਕਦਾ ਹੈ ?

ਜੇ ਤੁਹਾਡਾ ਤਬਦੀਲੀ ਦਾ ਨਿਰਦੇਸ਼ਨ ਖ਼ਤਮ ਹੋਣ ਦੇ ਬਾਅਦ ਤੁਹਾਨੂੰ ਹੋਰ ਇਲਾਜ ਦੀ ਜ਼ਰੂਰਤ ਹੋਵੇਗੀ ਤਾਂ ਤੁਹਾਨੂੰ ਮੈਂਟਲ ਹੈਲਥ ਐਕਟ ਦੇ ਕਿਸੇ ਹੋਰ ਸੈਕਸ਼ਨ ਤਹਿਤ ਹਸਪਤਾਲ ਵਿੱਚ ਰੱਖਿਆ ਜਾਏਗਾ। ਜੇ ਅਜਿਹਾ ਹੋਇਆ ਤਾਂ ਤੁਹਾਨੂੰ ਇਸ ਬਾਰੇ ਸਮਝਾਉਣ ਲਈ ਇੱਕ ਹੋਰ ਲੀਫ਼ਲੈਟ ਦਿੱਤਾ ਜਾਏਗਾ।

## ਜੇ ਮੈਨੂੰ ਵਾਪਸ ਅਦਾਲਤ ਜਾਣਾ ਪਿਆ ਤਾਂ ਕੀ ਹੋਏਗਾ ?

ਜੇ ਤੁਸੀਂ ਹਿਰਾਸਤ ਵਿੱਚ ਹੋ ਅਤੇ ਅਜੇ ਮੁਕੱਦਮੇ ਦੀ ਕਾਰਵਾਈ ਸ਼ੁਰੂ ਨਹੀਂ ਹੋਈ, ਤੁਹਾਨੂੰ ਅਦਾਲਤ ਵਾਪਸ ਜਾਣਾ ਪੈ ਸਕਦਾ ਹੈ। ਅਦਾਲਤ ਤੁਹਾਡੇ ਕੇਸ ਦੀ ਜਾਂਚ ਕਰੇਗੀ ਅਤੇ ਮੈਂਟਲ ਹੈਲਥ ਐਕਟ ਦੇ ਸੈਕਸ਼ਨ 37 ਤਹਿਤ ਹਸਪਤਾਲ ਆਰਡਰ ਦੇਵੇਗੀ, ਜਿਸ ਵਿੱਚ ਕਿਹਾ ਜਾਏਗਾ ਕਿ ਤੁਹਾਨੂੰ ਹਸਪਤਾਲ ਵਿੱਚ ਰਹਿਣਾ ਚਾਹੀਦਾ ਹੈ ਜਾਂ ਅਦਾਲਤ ਤੁਹਾਨੂੰ ਕੋਈ ਵਿਕਲਪਿਕ ਸਜ਼ਾ ਦੇ ਸਕਦੀ ਹੈ। ਅਦਾਲਤ ਹਸਪਤਾਲ ਆਰਡਰ ਸਿਰਫ਼ ਤਾਂ ਦੇ ਸਕਦੀ ਹੈ, ਜੇ ਦੋ ਡਾਕਟਰ ਕਹਿਣ ਕਿ ਤੁਹਾਨੂੰ ਮਾਨਸਿਕ ਗੜਬੜੀ ਦੀ ਤਕਲੀਫ਼ ਹੈ ਅਤੇ ਤੁਹਾਡਾ ਮੈਂਟਲ ਹੈਲਥ ਐਕਟ ਤਹਿਤ ਇਲਾਜ ਕਰਵਾਉਣ ਦੀ ਜ਼ਰੂਰਤ ਹੈ।

## ਕੀ ਮੈਂ ਅਪੀਲ ਕਰ ਸਕਦਾ / ਸਕਦੀ ਹਾਂ ?

ਤੁਸੀਂ ਨਿਆਂ ਮੰਤਰੀ ਦੇ ਇਸ ਫ਼ੈਸਲੇ ਕਿ ਤੁਹਾਨੂੰ ਹਸਪਤਾਲ ਵਿੱਚ ਤਬਦੀਲ ਕੀਤਾ ਜਾਏ ਜਾਂ ਮੈਜਿਸਟਰੇਟ ਦੀ ਅਦਾਲਤ ਵਲੋਂ ਦਿੱਤੀ ਹਿਰਾਸਤ ਦੇ ਵਿਰੁੱਧ ਅਪੀਲ ਨਹੀਂ ਕਰ ਸਕਦੇ।

ਪਰ ਕੁਝ ਹੋਰ ਲੋਕ ਹਨ, ਜਿਨ੍ਹਾਂ ਨੂੰ ਤੁਸੀਂ ਕਹਿ ਸਕਦੇ ਹੋ ਕਿ ਉਹ ਤੁਹਾਨੂੰ ਹਸਪਤਾਲ ਵਿੱਚੋਂ ਜਾਣ ਦੇਣ।

ਜੇ ਤੁਹਾਨੂੰ ਪਾਬੰਦੀ ਦਾ ਨਿਰਦੇਸ਼ਨ ਨਹੀਂ ਮਿਲਿਆ, ਤਾਂ ਤੁਸੀਂ ਹਸਪਤਾਲ ਮੈਨੇਜਰਸ ਨੂੰ ਕਹਿ ਸਕਦੇ ਹੋ ਕਿ ਉਹ ਤੁਹਾਨੂੰ ਹਸਪਤਾਲ ਵਿੱਚੋਂ ਜਾਣ ਦੇਣ। ਤੁਸੀਂ ਇਹ ਕਿਸੇ ਸਮੇਂ ਵੀ ਕਰ ਸਕਦੇ ਹੋ। ਹਸਪਤਾਲ ਮੈਨੇਜਰਸ ਹਸਪਤਾਲ ਅੰਦਰ ਲੋਕਾਂ ਦੀ ਕਾਇਮ ਕੀਤੀ ਇੱਕ ਵਿਸ਼ੇਸ਼ ਕਮੇਟੀ ਨੂੰ ਕਹਿੰਦੇ ਹਨ ਜੋ ਇਹ ਫੈਸਲਾ ਕਰਦੇ ਹਨ, ਕਿ ਲੋਕਾਂ ਨੂੰ ਹਸਪਤਾਲ ਵਿੱਚ ਰੱਖਿਆ ਜਾਣਾ ਚਾਹੀਦਾ ਹੈ ਕਿ ਨਹੀਂ। ਹਸਪਤਾਲ ਮੈਨੇਜਰਸ ਇਹ ਫ਼ੈਸਲਾ ਕਰਨ ਤੋਂ ਪਹਿਲਾਂ ਕਿ ਉਹ ਤੁਹਾਨੂੰ ਜਾਣ ਦੇਣ ਕਿ ਨਾ ਤੁਹਾਡੇ ਨਾਲ ਗੱਲ ਕਰਨੀ ਚਾਹੁਣਗੇ। ਜੇ ਤੁਸੀਂ ਇਹ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਉਨ੍ਹਾਂ ਨੂੰ ਇਸ ਪਤੇ ਤੇ ਲਿਖ ਸਕਦੇ ਹੋ :

ਜਾਂ ਤੁਸੀਂ ਸਟਾਫ਼ ਦੇ ਕਿਸੇ ਮੈਂਬਰ ਨੂੰ ਹਸਪਤਾਲ ਮੈਨੇਜਰਸ ਨਾਲ ਸੰਪਰਕ ਕਰਨ ਲਈ ਸਹਾਇਤਾ ਕਰਨ ਲਈ ਕਹਿ ਸਕਦੇ ਹੋ।

ਭਾਂਵੇ ਤੁਹਾਨੂੰ ਪਾਬੰਦੀ ਦਾ ਨਿਰਦੇਸ਼ਨ ਮਿਲਿਆ ਹੋਵੇ ਜਾਂ ਨਾ, ਤੁਸੀਂ ਇੱਕ ਟ੍ਰਿਬਿਊਨਲ ਨੂੰ ਇਹ ਕਹਿਣ ਲਈ ਕਹਿ ਸਕਦੇ ਹੋ ਕਿ ਤੁਹਾਨੂੰ ਹਸਪਤਾਲ ਵਿੱਚ ਨਹੀਂ ਰਖਿਆ ਜਾਣਾ ਚਾਹੀਦਾ।

## ਇੱਕ ਟ੍ਰਿਬਿਊਨਲ ਕੀ ਹੈ ਅਤੇ ਇਸ ਵਿੱਚ ਕੀ ਹੁੰਦਾ ਹੈ ?

ਟ੍ਰਿਬਿਊਨਲ ਇੱਕ ਸੁਤੰਤਰ ਪੈਨਲ (ਵਿਸ਼ੇਸ਼ ਅਦਾਲਤ) ਹੈ, ਜੋ ਇਹ ਫੈਸਲਾ ਕਰ ਸਕਦੀ ਹੈ, ਕਿ ਕੀ ਤੁਹਾਨੂੰ ਹਸਪਤਾਲ ਤੋਂ ਜਾਣ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ ਕਿ ਨਹੀਂ। ਇਹ ਤੁਹਾਡੇ ਨਾਲ ਅਤੇ ਹਸਪਤਾਲ ਦੇ ਸਟਾਫ਼ ਜੋ ਤੁਹਾਨੂੰ ਜਾਣਦਾ ਹੈ ਨਾਲ ਇੱਕ ਮੀਟਿੰਗ ਕਰੇਗੀ। ਇਸ ਮੀਟਿੰਗ ਨੂੰ "ਸੁਣਵਾਈ" ਕਿਹਾ ਜਾਂਦਾ ਹੈ। ਜੇ ਤੁਸੀਂ ਚਾਹੁੰਦੇ ਹੋ ਤਾਂ ਕਿਸੇ ਹੋਰ ਨੂੰ ਵੀ ਸੁਣਵਾਈ ਦੌਰਾਨ ਆਪਣੀ ਸਹਾਇਤਾ ਲਈ ਆਉਣ ਲਈ ਕਹਿ ਸਕਦੇ ਹੋ। ਸੁਣਵਾਈ ਤੋਂ ਪਹਿਲਾਂ, ਟ੍ਰਿਬਿਊਨਲ ਦੇ ਮੈਂਬਰ ਤੁਹਾਡੇ ਬਾਰੇ ਅਤੇ ਤੁਹਾਡੀ ਦੇਖਭਾਲ ਬਾਰੇ ਹਸਪਤਾਲ ਦੀਆਂ ਰਿਪੋਰਟਾਂ ਪੜ੍ਹਨਗੇ। ਟ੍ਰਿਬਿਊਨਲ ਦਾ ਇੱਕ ਮੈਂਬਰ ਤੁਹਾਡੇ ਕੋਲ ਗੱਲਬਾਤ ਕਰਨ ਲਈ ਵੀ ਆਏਗਾ।

## ਮੈਂ ਟ੍ਰਿਬਿਉਨਲ ਕੋਲ ਕਦੋਂ ਅਰਜ਼ੀ ਦੇ ਸਕਦਾ / ਸਕਦੀ ਹਾਂ ?

ਤੁਸੀਂ, ਤੁਹਾਨੂੰ ਟਰਾਂਸਫ਼ਰ ਨਿਰਦੇਸ਼ਨ ਮਿਲਣ ਦੇ ਬਾਅਦ ਪਹਿਲੇ ਛੇ ਮਹੀਨਿਆਂ ਦੌਰਾਨ ਕਿਸੇ ਸਮੇਂ ਵੀ ਟ੍ਰਿਬਿਊਨਲ ਨੂੰ ਅਰਜ਼ੀ ਦੇ ਸਕਦੇ ਹੋ।

ਤੁਸੀਂ ਅਗਲੇ ਛੇ ਮਹੀਨਿਆਂ ਦੌਰਾਨ ਇੱਕ ਵਾਰ ਅਰਜ਼ੀ ਦੇ ਸਕਦੇ ਹੋ ਅਤੇ ਉਸਤੋਂ ਬਾਅਦ ਜਿੰਨੀ ਦੇਰ ਤੁਸੀਂ ਹਸਪਤਾਲ ਵਿੱਚ ਰਹਿੰਦੇ ਹੋ, ਸਾਲ ਵਿੱਚ ਇੱਕ ਵਾਰ ਅਰਜ਼ੀ ਦੇ ਸਕਦੇ ਹੋ।

ਜੇ ਤੁਹਾਨੂੰ ਪਾਬੰਦੀ ਦਾ ਨਿਰਦੇਸ਼ਨ ਨਹੀਂ ਮਿਲਿਆ ਤਾਂ ਤੁਹਾਡਾ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਵੀ ਤੁਹਾਡੇ ਤਬਦੀਲੀ ਦੇ ਨਿਰਦੇਸ਼ਨ ਦੇ ਬਾਅਦ ਦੂਜੇ 6 ਮਹੀਨਿਆਂ ਦੌਰਾਨ ਅਤੇ ਉਸਦੇ ਬਾਅਦ ਸਾਲ ਵਿੱਚ ਇੱਕ ਵਾਰ ਅਰਜ਼ੀ ਦੇ ਸਕਦਾ ਹੈ। ਇਸ ਲੀਫ਼ਲੈਟ ਵਿੱਚ ਇਹ ਵੀ ਸਮਝਾਇਆ ਗਿਆ ਹੈ, ਕਿ ਤੁਹਾਡਾ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਕੌਣ ਹੈ।

ਜੇ ਤੁਸੀਂ ਟ੍ਰਿਬਿਉਨਲ ਨੂੰ ਅਰਜ਼ੀ ਦੇਣਾ ਚਾਹੁੰਦੇ ਹੋ ਤਾਂ ਤੁਸੀਂ ਹੇਠਾਂ ਦੱਸੇ ਤੇ ਲਿਖ ਸਕਦੇ ਹੋ :

The Tribunals Service
PO BOX 8793
5th Floor
Leicester
LE1 8BN ਟੈਲੀਫ਼ੋਨ : 0845 2232022

ਤੁਸੀਂ ਇੱਕ ਵਕੀਲ ਨੂੰ ਤੁਹਾਡੇ ਲਈ ਟ੍ਰਿਬਿਉਨਲ ਨੂੰ ਲਿਖਣ ਲਈ ਅਤੇ ਸੁਣਵਾਈ ਦੌਰਾਨ ਤੁਹਾਡੀ ਸਹਾਇਤਾ ਕਰਨ ਲਈ ਕਹਿ ਸਕਦੇ ਹੋ। ਹਸਪਤਾਲ ਅਤੇ ਲਾਅ ਸੁਸਾਇਟੀ ਕੋਲ ਉਨ੍ਹਾਂ ਵਕੀਲਾਂ ਦੀ ਇੱਕ ਸੂਚੀ ਹੈ, ਜੋ ਇਸ ਬਾਰੇ ਵਿਸ਼ੇਸ਼ੱਗ ਹਨ। ਤੁਹਾਨੂੰ ਇਸ ਕੰਮ ਲਈ ਵਕੀਲ ਤੋਂ ਲਈ ਸਹਾਇਤਾ ਲਈ ਕੋਈ ਰਕਮ ਅਦਾ ਨਹੀਂ ਕਰਨੀ ਪਏਗੀ। ਇਹ ਕਾਨੂੰਨੀ ਸਹਾਇਤਾ ਸਕੀਮ (Legal Aid scheme) ਤਹਿਤ ਮੁਫ਼ਤ ਹੈ।

## ਜੇ ਟ੍ਰਿਬਿਊਨਲ ਕਹਿੰਦਾ ਹੈ ਕਿ ਮੈਨੂੰ ਹਸਪਤਾਲ ਵਿੱਚ ਨਹੀਂ ਰੱਖਿਆ ਜਾਣਾ ਚਾਹੀਦਾ ਤਾਂ ਕੀ ਹੋਏਗਾ ?

ਜੇ ਟ੍ਰਿਬਿਊਨਲ ਕਹਿੰਦਾ ਹੈ ਕਿ ਤੁਹਾਨੂੰ ਹਸਪਤਾਲ ਵਿੱਚ ਨਹੀਂ ਰਖਿਆ ਜਾਣਾ ਚਾਹੀਦਾ ਤਾਂ ਇਸ ਦਾ ਇਹ ਮਤਲਬ ਹੋ ਸਕਦਾ ਹੈ ਕਿ ਤੁਸੀਂ ਉਦੋਂ ਤਕ ਮੁੜ ਜੇਲ੍ਹ ਜਾਂ ਡਿਟੈਨਸ਼ਨ ਸੈਂਟਰ ਜਾਉਗੇ ਜਦ ਤਕ ਟ੍ਰਿਬਿਊਨਲ ਤੁਹਾਡੇ ਹਸਪਤਾਲ ਵਿੱਚ ਠਹਿਰਣ ਦੀ ਸਿਫ਼ਾਰਸ਼ ਨਹੀਂ ਕਰੇਗਾ।

## ਮੇਰਾ ਕਿਹੜਾ ਇਲਾਜ ਕੀਤਾ ਜਾਏਗਾ ?

ਤੁਹਾਡਾ ਜ਼ਿੰਮੇਵਾਰ ਕਲਿਨੀਸ਼ੀਅਨ ਅਤੇ ਹਸਪਤਾਲ ਦਾ ਹੋਰ ਸਟਾਫ਼ ਤੁਹਾਡੇ ਨਾਲ ਉਸ ਇਲਾਜ ਬਾਰੇ ਗੱਲਬਾਤ ਕਰਨਗੇ, ਜਿਸਦੀ ਤੁਹਾਨੂੰ ਤੁਹਾਡੇ ਮਾਨਸਿਕ ਵਿਕਾਰ ਬਾਰੇ ਦੇਣ ਦੀ ਜ਼ਰੂਰਤ ਹੈ। ਬਹੁਤੀ ਵਾਰ ਤੁਹਾਨੂੰ ਉਨ੍ਹਾਂ ਦੀ ਸਲਾਹ ਮੰਨਣੀ ਹੀ ਪਏਗੀ।

ਤਿੰਨ ਮਹੀਨਿਆਂ ਬਾਅਦ, ਤੁਹਾਨੂੰ ਤੁਹਾਡੇ ਮਾਨਸਿਕ ਵਿਕਾਰ ਬਾਰੇ ਜੋ ਦਵਾਈਆਂ ਜਾਂ ਡਰਗੱਸ ਦਿੱਤੀਆਂ ਜਾ ਰਹੀਆਂ ਹਨ, ਉਨ੍ਹਾਂ ਬਾਰੇ ਵਿਸ਼ੇਸ਼ ਨੇਮ ਹਨ। ਜੇ ਤੁਸੀਂ ਦਵਾਈਆਂ ਜਾਂ ਡਰੱਗਸ ਲੈਣਾ ਨਹੀਂ ਚਾਹੁੰਦੇ ਜਾਂ ਤੁਸੀਂ ਇਹ ਕਹਿਣ ਲਈ ਵੀ ਕਿ ਕੀ ਤੁਹਾਨੂੰ ਉਨ੍ਹਾਂ ਦਵਾਈਆਂ ਦੀ ਜ਼ਰੂਰਤ ਹੈ ਕਿ ਨਹੀਂ, ਬਹੁਤ ਬੀਮਾਰ ਹੋ, ਤਾਂ ਇੱਕ ਡਾਕਟਰ ਜੋ ਇਸ ਹਸਪਤਾਲ ਦਾ ਨਹੀਂ ਤੁਹਾਡੇ

ਕੋਲ ਆਏਗਾ। ਉਹ ਖੁਦਮੁਖ਼ਤਾਰ ਡਾਕਟਰ ਤੁਹਾਡੇ ਅਤੇ ਹਸਪਤਾਲ ਦੇ ਸਟਾਫ਼ ਨਾਲ ਜੋ ਤੁਹਾਨੂੰ ਜਾਣਦੇ ਹਨ, ਨਾਲ ਗੱਲਬਾਤ ਕਰੇਗਾ। ਉਹ ਖੁਦਮੁਖ਼ਤਾਰ ਡਾਕਟਰ ਫੈਸਲਾ ਕਰੇਗਾ, ਕਿ ਤੁਹਾਨੂੰ ਕਿਹੜੀਆਂ ਦਵਾਈਆਂ ਅਤੇ ਡਰੱਗਸ ਦਿੱਤੀਆਂ ਜਾ ਸਕਦੀਆਂ ਹਨ। ਜਦ ਤਕ ਕੋਈ ਐਮਰਜੈਂਸੀ ਨਾ ਹੋਵੇ, ਤੁਹਾਨੂੰ ਤੁਹਾਡੀ ਸਹਿਮਤੀ ਬਿਨਾਂ ਸਿਰਫ ਉਹੀ ਦਵਾਈਆਂ ਅਤੇ ਡਰੱਗਸ ਦਿੱਤੀਆਂ ਜਾ ਸਕਦੀਆ ਹਨ।

ਇਸ ਖੁਦਮੁਖ਼ਤਾਰ ਡਾਕਟਰ ਨੂੰ SOAD (ਦੂਜੀ ਰਾਇ ਲਈ ਨਿਯੁਕਤ ਡਾਕਟਰ) ਕਿਹਾ ਜਾਂਦਾ ਹੈ ਅਤੇ ਉਸਨੂੰ ਇੱਕ ਸੁਤੰਤਰ ਕਮਿਸ਼ਨ, ਜੋ ਇਸ ਗੱਲ ਦੀ ਨਿਗਰਾਨੀ ਕਰਦਾ ਹੈ ਕਿ ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) ਦਾ ਇਸਤੇਮਾਲ ਕਿਸ ਤਰ੍ਹਾਂ ਕੀਤਾ ਗਿਆ ਹੈ, ਵਲੋਂ ਨਿਯੁਕਤ ਕੀਤਾ ਗਿਆ ਹੈ।

ਕੁਝ ਵਿਸ਼ੇਸ਼ ਇਲਾਜਾਂ, ਜਿਵੇਂ ਕਿ ਇਲੈਕਟ੍ਰੋ-ਕਨਵਲਸਿਵ (ਬਿਜਲੀ ਦੇ ਜ਼ੋਰਦਾਰ ਝਟਕੇ) (ECT) ਥੈਰੇਪੀ ਲਈ ਵੱਖਰੇ ਨੇਮ ਹਨ। ਜੇ ਸਟਾਫ਼ ਇਹ ਸੋਚਦਾ ਹੈ, ਕਿ ਤੁਹਾਨੂੰ ਇਨ੍ਹਾਂ ਵਿਸ਼ੇਸ਼ ਇਲਾਜਾਂ ਵਿੱਚੋਂ ਇੱਕ ਦੀ ਜ਼ਰੂਰਤ ਹੈ ਤਾਂ ਤੁਹਾਨੂੰ ਨੇਮ ਸਮਝਾ ਦਿੱਤੇ ਜਾਣਗੇ ਅਤੇ ਤੁਹਾਨੂੰ ਕੋਈ ਹੋਰ ਲੀਫ਼ਲੈਟ (ਕਿਤਾਬਚੀ) ਦਿੱਤਾ ਜਾਏਗਾ।

## ਆਪਣੇ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਨੂੰ ਖ਼ਬਰ ਦੇਣੀ

ਜੇ ਤੁਹਾਨੂੰ ਪਾਬੰਦੀ ਦਾ ਨਿਰਦੇਸ਼ਨ ਨਹੀਂ ਦਿੱਤਾ ਗਿਆ ਤਾਂ ਇਸ ਲੀਫ਼ਲੈਟ ਦੀ ਇੱਕ ਕਾਪੀ ਉਸ ਵਿਅਕਤੀ ਨੂੰ ਦੇ ਦਿੱਤੀ ਜਾਏਗੀ ਜਿਸ ਨੂੰ ਮਾਨਸਿਕ ਸਿਹਤ ਬਾਰੇ ਕਾਨੂੰਨ ਤੁਹਾਡਾ ਸਭ ਤੋਂ ਵੱਧ ਨਜ਼ਦੀਕੀ ਰਿਸ਼ਤੇਦਾਰ ਕਹਿੰਦਾ ਹੈ।

ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) ਵਿੱਚ ਉਨ੍ਹਾਂ ਲੋਕਾਂ ਦੀ ਸੂਚੀ ਹੈ, ਜਿਨ੍ਹਾਂ ਨੂੰ ਰਿਸ਼ਤੇਦਾਰ ਸਮਝਿਆ ਜਾਂਦਾ ਹੈ। ਆਮ ਤੌਰ ਤੇ ਸੂਚੀ ਵਿੱਚ ਸਭ ਤੋਂ ਉੱਪਰ ਉਹ ਵਿਅਕਤੀ ਹੁੰਦਾ ਹੈ, ਜੋ ਤੁਹਾਡਾ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਹੈ। ਹਸਪਤਾਲ ਸਟਾਫ਼ ਤੁਹਾਨੂੰ ਇੱਕ ਲੀਫ਼ਲੈਟ ਦੇਂਦਾ ਹੈ, ਜਿਸ ਵਿੱਚ ਇਸ ਅਤੇ ਇਹ ਕਿ ਤੁਹਾਡੀ ਦੇਖਭਾਲ ਅਤੇ ਇਲਾਜ ਦੇ ਸੰਬੰਧ ਵਿੱਚ ਤੁਹਾਡੇ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਦੇ ਕੀ ਅਧਿਕਾਰ ਹਨ, ਬਾਰੇ ਦੱਸਿਆ ਗਿਆ ਹੈ।

ਤੁਹਾਡੇ ਕੇਸ ਵਿੱਚ ਸਾਨੂੰ ਦੱਸਿਆ ਗਿਆ ਹੈ, ਕਿ ਤੁਹਾਡਾ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਹੈ :

| |
|---|
| |

ਜੇ ਤੁਸੀਂ ਨਹੀਂ ਚਾਹੁੰਦੇ ਕਿ ਇਸ ਵਿਅਕਤੀ ਨੂੰ ਇਸ ਲੀਫ਼ਲੈਟ ਦੀ ਇੱਕ ਕਾਪੀ ਮਿਲੇ ਤਾਂ ਕਿਰਪਾ ਕਰਕੇ ਆਪਣੀ ਨਰਸ ਜਾਂ ਸਟਾਫ਼ ਦੇ ਕਿਸੇ ਹੋਰ ਮੈਂਬਰ ਨੂੰ ਦੱਸੋ।

## ਆਪਣੇ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਨੂੰ ਬਦਲਣਾ

ਜੇ ਤੁਸੀਂ ਸੋਚਦੇ ਹੋ, ਕਿ ਇਹ ਵਿਅਕਤੀ ਤੁਹਾਡੇ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਵਜੋਂ ਉਚਿਤ ਨਹੀਂ ਤਾਂ ਤੁਸੀਂ ਕਾਉਂਟੀ ਕੋਰਟ ਕੋਲ ਉਸਦੇ ਬਜਾਏ ਕਿਸੇ ਹੋਰ ਵਿਅਕਤੀ ਨੂੰ ਸਭ ਤੋਂ ਵੱਧ ਨਜ਼ਦੀਕੀ ਰਿਸ਼ਤੇਦਾਰ ਮੰਨਣ ਲਈ ਅਰਜ਼ੀ ਦੇ ਸਕਦੇ ਹੋ। ਹਸਪਤਾਲ ਦਾ ਸਟਾਫ਼ ਤੁਹਾਨੂੰ ਇੱਕ ਲੀਫ਼ਲੈਟ ਦੇ ਸਕਦਾ ਹੈ, ਜਿਸ ਵਿੱਚ ਇਹ ਗੱਲ ਖੋਲ੍ਹ ਕੇ ਦੱਸੀ ਗਈ ਹੈ।

## ਤੁਹਾਡੀਆਂ ਚਿੱਠੀਆਂ

ਤੁਹਾਨੂੰ ਭੇਜੀਆਂ ਗਈਆਂ ਸਭ ਚਿੱਠੀਆਂ ਤੁਹਾਨੂੰ ਦਿੱਤੀਆਂ ਜਾਣਗੀਆਂ। ਤੁਸੀਂ ਸਿਵਾਏ ਉਨ੍ਹਾਂ ਦੇ ਜਿਨ੍ਹਾਂ ਨੇ ਕਿਹਾ ਹੈ ਕਿ ਉਹ ਤੁਹਾਡੇ ਵਲੋਂ ਚਿੱਠੀਆਂ ਨਹੀਂ ਚਾਹੁੰਦੇ, ਕਿਸੇ ਨੂੰ ਵੀ ਚਿੱਠੀਆਂ ਭੇਜ ਸਕਦੇ ਹੋ। ਹਸਪਤਾਲ ਦਾ ਸਟਾਫ਼ ਇਨ੍ਹਾਂ ਲੋਕਾਂ ਨੂੰ ਚਿੱਠੀ ਲਿਖਣਾ ਬੰਦ ਵੀ ਕਰ ਸਕਦਾ ਹੈ।

## ਪ੍ਰੈਕਟਸ ਦਾ ਜ਼ਾਬਤਾ

ਪ੍ਰੈਕਟਸ ਦਾ ਇੱਕ ਜ਼ਾਬਤਾ ਹੈ, ਜਿਸ ਨਾਲ ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) ਅਤੇ ਮਾਨਸਿਕ ਗੜਬੜੀ ਵਾਲੇ ਲੋਕਾਂ ਦੇ ਇਲਾਜ ਕਰਨ ਬਾਰੇ ਹਸਪਤਾਲ ਦੇ ਸਟਾਫ਼ ਨੂੰ ਸਲਾਹ ਦਿੱਤੀ ਜਾਂਦੀ ਹੈ। ਸਟਾਫ਼ ਜਦੋਂ ਤੁਹਾਡੀ ਦੇਖਭਾਲ ਬਾਰੇ ਫੈਸਲੇ ਕਰਦਾ ਹੈ, ਤਾਂ ਉਨ੍ਹਾਂ ਨੂੰ ਇਹ ਵੇਖਣਾ ਪੈਂਦਾ ਹੈ ਕਿ ਜ਼ਾਬਤਾ ਇਸ ਬਾਰੇ ਕੀ ਕਹਿੰਦਾ ਹੈ। ਜੇ ਤੁਸੀਂ ਚਾਹੋ ਤਾਂ ਤੁਸੀਂ ਇਸ ਦੀ ਇੱਕ ਕਾਪੀ ਵੇਖ ਸਕਦੇ ਹੋ।

## ਮੈਂ ਸ਼ਿਕਾਇਤ ਕਿਸ ਤਰ੍ਹਾਂ ਕਰਾਂ ?

ਜੇ ਤੁਸੀਂ ਹਸਪਤਾਲ ਵਿੱਚ ਹੋ ਰਹੀ ਆਪਣੀ ਦੇਖਭਾਲ ਅਤੇ ਇਲਾਜ ਸੰਬੰਧੀ ਕਿਸੇ ਗੱਲ ਬਾਰੇ ਸ਼ਿਕਾਇਤ ਕਰਨੀ ਚਾਹੁੰਦੇ ਹੋ ਤਾਂ ਸਟਾਫ਼ ਦੇ ਕਿਸੇ ਮੈਂਬਰ ਨਾਲ ਗੱਲ ਕਰੋ। ਹੋ ਸਕਦਾ ਹੈ, ਕਿ ਉਹ ਮਾਮਲੇ ਨੂੰ ਸੁਲਝਾ ਲੈਣ। ਉਹ ਤੁਹਾਨੂੰ ਹਸਪਤਾਲ ਦੇ ਸ਼ਿਕਾਇਤ ਕਰਨ ਦੇ ਅਮਲ ਬਾਰੇ ਵੀ ਜਾਣਕਾਰੀ ਦੇ ਸਕਦੇ ਹਨ ਜਿਸਨੂੰ ਤੁਸੀਂ ਆਪਣੀ ਸ਼ਿਕਾਇਤ ਨੂੰ ਸੁਲਝਾਣ ਲਈ, ਜਿਸਨੂੰ ਸਥਾਨਕ ਮਤਾ ਕਹਿੰਦੇ ਹਨ, ਰਾਹੀਂ ਇਸਤੇਮਾਲ ਕਰਨ ਦੀ ਕੋਸ਼ਿਸ਼ ਕਰ ਸਕਦੇ ਹੋ। ਉਹ ਤੁਹਾਨੂੰ ਉਨ੍ਹਾਂ ਹੋਰ ਲੋਕਾਂ ਬਾਰੇ ਵੀ ਦੱਸ ਸਕਦੇ ਹਨ, ਜੋ ਤੁਹਾਨੂੰ ਸ਼ਿਕਾਇਤ ਕਰਨ ਵਿੱਚ ਸਹਾਇਤਾ ਕਰ ਸਕਦੇ ਹਨ।

ਜੇ ਤੁਸੀਂ ਮਹਿਸੂਸ ਕਰਦੇ ਹੋ, ਕਿ ਹਸਪਤਾਲ ਦਾ ਸ਼ਿਕਾਇਤਾਂ ਦਾ ਅਮਲ ਤੁਹਾਡੀ ਸਹਾਇਤਾ ਨਹੀਂ ਕਰ ਸਕਦਾ ਤਾਂ ਤੁਸੀਂ ਇੱਕ ਸੁਤੰਤਰ ਕਮਿਸ਼ਨ ਕੋਲ ਵੀ ਸ਼ਿਕਾਇਤ ਕਰ ਸਕਦੇ ਹੋ। ਕਮਿਸ਼ਨ ਇਹ ਯਕੀਨੀ ਬਣਾਉਣ ਲਈ ਕਿ 1983 ਦਾ ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) ਦਾ ਇਸਤੇਮਾਲ ਠੀਕ ਤਰ੍ਹਾਂ ਹੋਵੇ, ਅਤੇ ਮਰੀਜ਼ ਜਿੰਨੀ ਦੇਰ ਹਸਪਤਾਲ ਵਿੱਚ ਹੋਣ, ਉਨ੍ਹਾਂ ਦੀ ਦੇਖਭਾਲ ਸਹੀ ਢੰਗ ਨਾਲ ਹੋਵੇ, ਇਹ ਨਿਗਰਾਨੀ ਕਰਦਾ ਹੈ ਕਿ ਇਸ ਕਾਨੂੰਨ ਦਾ ਇਸਤੇਮਾਲ ਕਿਸ ਤਰ੍ਹਾਂ ਕੀਤਾ ਜਾਂਦਾ ਹੈ। ਹਸਪਤਾਲ ਦਾ ਸਟਾਫ਼ ਤੁਹਾਨੂੰ ਇੱਕ ਲੀਫ਼ਲੈਟ ਦੇ ਸਕਦੇ ਹਨ, ਜਿਸ ਵਿੱਚ ਦੱਸਿਆ ਗਿਆ ਹੈ, ਕਿ ਕਮਿਸ਼ਨ ਨਾਲ ਸੰਪਰਕ ਕਿਵੇਂ ਕਰਨਾ ਹੈ।

## ਹੋਰ ਵੱਧ ਸਹਾਇਤਾ ਲਈ ਜਾਣਕਾਰੀ

ਜੇ ਤੁਹਾਡੀ ਦੇਖਭਾਲ ਅਤੇ ਇਲਾਜ ਬਾਰੇ ਕੋਈ ਅਜਿਹੀ ਗੱਲ ਹੈ, ਜੋ ਤੁਹਾਨੂੰ ਸਮਝ ਨਹੀਂ ਆ ਰਹੀ ਤਾਂ ਸਟਾਫ਼ ਦਾ ਇੱਕ ਮੈਂਬਰ ਤੁਹਾਡੀ ਸਹਾਇਤਾ ਕਰਨ ਦੀ ਕੋਸ਼ਿਸ਼ ਕਰੇਗਾ। ਜੇ ਇਸ ਲੀਫ਼ਲੈਟ ਵਿੱਚ ਕੁਝ ਅਜਿਹਾ ਹੋਵੇ, ਜੋ ਤੁਹਾਡੀ ਸਮਝ ਵਿੱਚ ਨਹੀਂ ਆ ਰਿਹਾ ਜਾਂ ਤੁਹਾਡੇ ਕੋਈ ਹੋਰ ਸਵਾਲ ਹਨ, ਜਿਨ੍ਹਾਂ ਦੇ ਜਵਾਬ ਇਸ ਲੀਫ਼ਲੈਟ ਵਿੱਚ ਨਹੀਂ ਦਿੱਤੇ ਗਏ, ਤਾਂ ਕਿਰਪਾ ਕਰਕੇ ਸਟਾਫ਼ ਦੇ ਇੱਕ ਮੈਂਬਰ ਨੂੰ ਸਮਝਾਉਣ ਲਈ ਕਹੋ।

ਜੇ ਤੁਹਾਨੂੰ ਲੀਫ਼ਲੈਟ ਦੀ ਇੱਕ ਹੋਰ ਕਾਪੀ ਕਿਸੇ ਹੋਰ ਲਈ ਚਾਹੀਦੀ ਹੋਵੇ, ਤਾਂ ਕਿਰਪਾ ਕਰਕੇ ਕੇ ਉਸ ਲਈ ਕਹੋ।